# ਪੰਜਾਬੀ (ਦਸਵੀਂ)

# PUNJABI (10th)

SET-A

(004)

## SQP 2018-19

(ਉੱਤਰ ਕੁੰਜੀ/ANSWER KEY)

*ਸਮਾਂ ਸੀਮਾਂ: 3 ਘੰਟੇ* | *ਪੂਰਨ ਅੰਕ: 80*

*Time allowed: 3 hours* | *MaximumMarks: 80*

| ਪ੍ਰਸ਼ਨ | ਕੁੱਲ ਅੰਕ | ਅੰਕ ਵੰਡ | ਸੰਕੇਤ ਨੋਟ |
|---|---|---|---|
| ਪ੍ਰਸ਼ਨ1 ਅਣਡਿਠਾ ਪੈਰਾ | 9 | | ਵਿਦਿਆਰਥੀ ਇਸ ਪ੍ਰਸ਼ਨ ਦੇ ਉੱਤਰ ਸੂਝ – ਬੂਝ ਦੇ ਆਧਾਰ ਉੱਤੇ ਰਚਨਾਤਮਕ ਰੂਪ ਵਿੱਚ ਲਿਖ ਸਕਦੇ ਹਨ ਜਿਵੇ ਪੈਰੇ ਵਿੱਚ ਸਤਰਾਂ ਦਿਤੀਆ ਹਨ, ਤਿਵੇ ਵੀ ਲਿਖ ਸਕਦੇ ਹਨ। |
| 1. ਸਿੱਖਿਆ ਸ਼੍ਰੇਣੀ ਦੇ ਕਮਰੇ ਤੱਕ ਸੀਮਿਤ ਨਾ ਹੋ ਕੇ ਵਿਸ਼ਾਲ ਅਰਥ ਰਖਦੀ ਹੈ। | | 2 | |
| 2. ਮਾਂ ਆਪਣੇ ਬਚੇ ਨੂੰ ਗੁਰੂ ਦਾ ਮਾਨ ਸਨਮਾਨ ਕਰਨਾ ਸਿਖਾਓਂਦੀ ਹੈ। | | 2 | |
| 3. ਵਿਦਿਆ ਦਾ ਵਿਆਪਕ ਅਰਥ ਵਿਸ਼ਾਲ ਹੈ। | | 2 | |
| 4. ਮਨੁੱਖ ਦਾ ਸਰਵਪੱਖੀ ਵਿਕਾਸ ਕਰਨਾ । | | 2 | |
| 5. ਸਿੱਖਿਆ ਦਾ ਉਦੇਸ਼ । | | 1 | |
| | 9 | 9 | |
| ਪ੍ਰਸ਼ਨ 2 ਕਾਵਿ ਟੁਕੜੀ ਨੂੰ ਪੜ ਕੇ ਪ੍ਰਸ਼ਨ ਦੇ ਉੱਤਰ ਚੇਕ ਕੀਤੇ ਜਾਣ । | 6 | | |
| 1. ਗੁਰੂ ਹਰਗੋਬਿੰਦ ਜੀ ਨੂੰ ਗਵਾਲੀਅਰ ਦੇ ਕਿਲੇ ਵਿੱਚ ਬੰਦ ਕਰਵਾ ਦਿਤਾ ਗਿਆ ਸੀ। | | 2 | |
| 2. ਕਿਉਂਕਿ ਇਸ ਦਿਨ ਗੁਰੂ ਜੀ ਬਵੰਜਾ ਰਾਜਿਆਂ ਨੂੰ ਛੱਡਵਾ ਕੇ ਵਾਪਿਸ ਅੰਮ੍ਰਿਤਸਰ ਪਹੁੰਚੇ ਸਨ। | | 2 | |
| 3. ਜਹਾਗੀਰ ਨੇ ਗੁਰੂ ਜੀ ਨੂੰ ਬੰਦ ਕੀਤਾ ਸੀ । | | 2 | |
| | 6 | 6 | |

| | | | |
|---|---|---|---|
| ਪ੍ਰਸ਼ਨ3 ਵਿਆਕਰਨ<br>ਸਮਾਸੀ ਸ਼ਬਦ<br>1. ਜ਼ਮੀਨ-ਆਸਮਾਨ<br>2. ਰਸ - ਭਰੀ | 2 | <br>1<br>1 | |
| | 2 | 2 | |
| ਪ੍ਰਸ਼ਨ4 ਬਹੁਆਰਥਕ ਸ਼ਬਦ<br>1. ਡੰਗ<br>2. ਤੰਦਰੁਸਤ<br>3. ਸੂਰਮਾ - ਸੂਰਬੀਰ | 3 | <br>1<br>1<br>1 | |
| | 3 | 3 | |
| ਪ੍ਰਸ਼ਨ5 ਵਿਸ਼ਰਾਮ ਚਿੰਨ ਲਗਾਓ<br>1. ਅਧਿਆਪਕ ਨੇ ਕਿਹਾ, "ਕੱਲ ਟੈਸਟ ਹੋਵੇਗਾ।"<br>2. ਕਾਸ਼! ਮੈਂ ਵੀ ਕਰੋੜਪਤੀ ਹੁੰਦਾ ।<br>3. ਹਾਏ ਰੱਬਾ ! ਇਹ ਕੀ ਭਾਣਾ ਵਰਤਿਆ ਹੈ। | 3 | <br>1<br>1<br>1 | ਦੇਖਿਆ ਜਾਵੇ ਕਿ ਵਿੱਦਿਆਰਥੀ ਨੇ ਉਚਿਤ ਥਾਵਾਂ ਤੇ ਢੁਕਵੇ ਵਿਸ਼ਰਾਮ ਚਿੰਨ ਲਗਾਏ ਹਨ। ਉਸਦੇ ਅਨੁਸਾਰ ਅੰਕ ਦਿਤੇ ਜਾਣ। |
| | 3 | 3 | |
| ਪ੍ਰਸ਼ਨ6 ਮੁਹਾਵਰਿਆ ਦੇ ਅਰਥ ਦਸ ਕੇ ਵਾਕ ਬਣਾਓ<br>1. ਚੁਗਲੀ ਲਾਈ<br>2. ਕੰਮ ਔਖੇ - ਸੌਖੇ ਕਰਨਾ ਗਲੋਂ ਲਾਹੁਣਾ ।<br>3. ਜਾਨ ਦੀ ਪਰਵਾਹ ਨਾ ਕਰਨਾ | 3 | <br>1<br>1<br>1 | ਜੇਕਰ ਵਿਦਿਆਰਥੀ ਵਾਕ ਵਿੱਚ ਅਰਥ ਨਹੀਂ ਦਸਦਾ ਪਰ ਵਾਕ ਸਹੀ ਲਿਖਦਾ ਹੈ ਤਾਂ ਸਹੀ ਉਤੱਰ ਹੋਣ ਤੇ ਪੂਰੇ ਅੰਕ ਦਿਤੇ ਜਾਣ । |
| | 3 | 3 | |
| ਪ੍ਰਸ਼ਨ7 ਅਗੇਤਰ<br>'ਸਰਵ ਅਤੇ ਸਵੈ' ਅਗੇਤਰ ਲਾ ਕੇ ਦੋ ਦੋ ਸ਼ਬਦ ਬਣਾਓ<br>1. ਸਰਵ ਵਿਆਪਕ, ਸਰਵ ਸ਼ਕਤੀਮਾਨ | 2 | <br>1 | ਵਿਦਿਆਰਥੀ 'ਸਰਵ' ਅਤੇ 'ਸਵੈ' ਦੇ ਹੋਰ ਢੁਕਵੇ ਸ਼ਬਦ ਵੀ ਬਣਾ ਸਕਦੇ |

| | | | |
|---|---|---|---|
| 2. ਸਵੈ-ਜੀਵਨੀ , ਸਵੈ ਮਾਣ | | 1 | ਹਨ। |
| | 2 | 2 | |
| ਪ੍ਰਸ਼ਨ8 'ਆਲਾ' ਅਤੇ 'ਮੰਦੇ' ਪਿਛੇਤਰ ਲਾ ਕੇ ਦੋ ਦੋ ਸ਼ਬਦ ਬਣਾਓ | 2 | | ਵਿਦਿਆਰਥੀ 'ਆਲਾ' ਅਤੇ 'ਮੰਦ' ਦੇ ਇਹਨਾਂ ਤੋਂ ਇਲਾਵਾ ਵੀ ਹੋਰ ਸ਼ਬਦ ਲਿਖ ਸਕਦੇ ਹਨ। |
| 1. ਪੁਸਤਕਾਲਾ , ਹਿਮਾਲਾ | | 1 | |
| 2. ਅਕਲਮੰਦ , ਸਿਹਤਮੰਦ | | 1 | |
| | 2 | 2 | |
| ਪ੍ਰਸ਼ਨ9 ਪੜ੍ਹਾਈ ਵਿੱਚ ਖੇਡਾਂ ਦਾ ਸਥਾਨ | 10 | | |
| 1. ਭੂਮਿਕਾ:- ਇਹ ਵਿਸਵ ਵਿਆਪੀ ਸੱਚ ਹੈ ਕਿ ਅਰੋਗ ਮਨ ਅਰੋਗ ਸ਼ਰੀਰ ਵਿੱਚ ਹੀ ਹੋ ਸਕਦਾ ਹੈ<br>ਵਿੱਦਿਆ ਦਾ ਅਰਥ ਕੇਵਲ ਕਿਤਾਬੀ ਗਿਆਨ ਹਾਸਿਲ ਕਰਨਾ ਹੀ ਨਹੀਂ ਸਗੋਂ ਵਿਦਿਆ ਮਨੁੱਖ ਨੂੰ ਬੁੱਧੀਮਾਨ ਅਰੋਗ ਤੇ ਸਦਾਚਾਰੀ ਬਣਾਓਦੀ ਹੈ.....। | | 2 | |
| 2. ਸਦਾਚਾਰਕ ਗੁਣ ਪੈਦਾ ਕਰਨਾ :- ਖੇਡਾਂ ਮਨੁੱਖ ਵਿੱਚ ਸਦਾਚਾਰਕ ਗੁਣ ਵੀ ਪੈਦਾ ਕਰਦੀਆ ਹਨ ਜਿਸ ਦੀ ਪਾਲਣਾ ਹਰ ਇੱਕ ਵਿਦਿਆਰਥੀ ਨੂੰ ਕਰਨੀ ਪੈਂਦੀ ਹੈ।<br>ਜਿਸ ਕਾਰਣ ਓਹ ਅਨੁਸ਼ਾਸ਼ਨ ਵਿੱਚ ਬੱਝ ਜਾਂਦਾ ਹੈ<br>ਇਸ ਤੋਂ ਇਲਾਵਾ ਸਹਿਨਸ਼ੀਲਤਾ, ਦ੍ਰਿੜਤਾ ਆਦਿ ਗੁਣ ਵੀ ਆਪਣੇ ਆਪ ਆ ਜਾਂਦੇ ਹਨ । | | 2 | |

| | | | |
|---|---|---|---|
| 3. ਵਿਹਲ ਦੀ ਉਚਿਤ ਵਰਤੋਂ :- ਕਈ ਵਾਰ ਕਿਤਾਬੀ ਪੜ੍ਹਾਈ ਪੜ੍ਹ ਪੜ੍ਹ ਕੇ ਵਿਦਿਆਰਥੀ ਅੱਕ ਤੇ ਥੱਕ ਜਾਂਦੇ ਹਨ, ਓਹਨਾਂ ਨੂੰ ਕੁਝ ਮਨੋਰੰਜਨ ਦੀ ਲੋੜ ਹੁੰਦੀ ਹੈ ਉਸ ਸਮੇ ਵਿੱਚ ਉਹ ਆਪਣੀ ਕੋਈ ਵੀ ਮਨਪਸੰਦ ਖੇਡ ਖੇਡ ਸਕਦੇ ਹਨ..... । | | 2 | |
| 4. ਮਨੁਖੀ ਜੀਵਨ ਵੀ ਇੱਕ ਖੇਡ ਹੈ:- ਵੈਸੇ ਮਨੁਖੀ ਜੀਵਨ ਵਿੱਚ ਖੇਡਦੇ ਮੈਦਾਨ ਵਾਂਗ ਹੀ ਜੂਝਣਾ ਪੈਂਦਾ ਹੈ। ਜ਼ਿੰਦਗੀ ਦੇ ਮੈਦਾਨ ਵਿੱਚ ਜੋ ਡਰ ਗਿਆ ਸੋ ਮਰ ਗਿਆ ਵਾਲੀ ਗੱਲ ਹੁੰਦੀ ਹੈ। ....ਮੁਸੀਬਤ ਵੇਲੇ ਦੁਖ ਸਹਿਣਾ ਅਤੇ ਖੁਸ਼ੀ ਮੋਕੇ ਆਪੇ ਤੋਂ ਬਾਹਰ ਹੋਣਾ ਵੀ ਖੇਡਾਂ ਹੀ ਸਿਖਾਓਂਦੀਆ ਹਨ। | | 2 | |
| 5. ਸਿੱਟਾ :- ਸੋ ਸਿੱਟਾ ਇਹ ਹੈ ਕਿ ਹਰ ਵਿਦਿਆਰਥੀ ਨੂੰ ਖੇਡਾਂ ਵਿੱਚ ਭਾਗ ਲੈਣਾ ਚਾਹਿਦਾ ਹੈ.... ਖੇਡਾਂ ਨਾਲ ਸ਼ਰੀਰ ਚੁਸਤ - ਫੁਰਤ ਵੀ ਰਹਿੰਦਾ ਹੈ....ਆਦਿ। | | 2 | |
| | 10 | 10 | |
| 2 ਅੱਜ ਦੀ ਨਾਰੀ/ਰਾਸ਼ਟਰ ਨਿਰਮਾਣ ਤੇ ਔਰਤ | 10 | | |
| 1. ਨਾਰੀ ਦਾ ਪੁਰਾਤਨ ਰੂਪ:- ਪੁਰਾਣੇ ਸਮੇ ਵਿੱਚ ਜੇਕਰ ਮਾਣਤਾ ਦੇਣ ਦੀ ਗਲ ਕਰੀਏ ਤਾਂ ਔਰਤ | | 2 | |

| | | | |
|---|---|---|---|
| ਨੂੰ ਕੁਝਵੀਂ ਨਹੀਂ ਸਮਝਿਆ ਗਿਆ ਇੱਕ ਔਰਤ ਦੇ ਸਿਵਾ । ਔਰਤ ਪ੍ਰਤੀ ਸਰਦ ਦੀ ਸੋਚ ਨਕਾਰਾਤਮਕ ਸੀ । ਕਈ ਕਿੱਸਾਕਾਰਾਂ ਤੇ ਕਈਆਂ ਨੇ ਵੀ ਔਰਤਾਂ ਪ੍ਰਤੀ ਬਹੁਤਾ ਵਧੀਆ ਨਹੀਂ ਲਿਖਿਆ । | | | |
| 2. ਸਕਾਰਾਤਮਕ ਸੋਚ:- ਗੁਰੂ ਨਾਨਕ ਦੇਵ ਜੀ ਦੇ ਸਮੇਂ ਵਿੱਚ ਇਸਤਰੀ ਨੂੰ ਮਹਾਨ ਔਰਤ ਕੇਹਿਕੇ ਸਤਿਕਾਰਿਆ ਗਿਆ। ਜੀਵਨ ਤਜਰਬਾ ਵੀ ਇਹੀ ਦਸਦਾ ਹੈ ਕਿ ਇੱਕ ਕਾਮਯਾਬ ਇਨਸਾਨ ਦੇ ਪਿਛੇ ਇੱਕ ਔਰਤ ਹੀ ਹੁੰਦੀ ਹੈ ...... । | | 2 | |
| 3. ਅੱਜ ਦੀ ਨਾਰੀ:- ਪਰ ਅੱਜ ਦੀ ਨਾਰੀ ਅਬਲਾ ਨਹੀਂ ਰਹੀ। ਓਹ ਸਰਸਵਤੀ ਹੈ, ਦੁਰਗਾ ਹੈ ਸ਼ਕਤੀ ਹੈ ਲਕਸ਼ਮੀ ਹੈ.... । ਅੱਜ ਸਮਾਜ ਵਿੱਚ ਉਸਨੂੰ ਮਰਦ ਦੇ ਬਰਾਬਰ ਅਧਿਕਾਰ ਪ੍ਰਾਪਤ ਹਨ। ਓਹ ਪੜ ਲਿਖ ਕੇ ਉਚੀਆਂ ਉਚੀਆਂ ਪਦਵੀਆਂ ਤੇ ਪਹੁੰਚ ਗਈ ਹੈ। | | 2 | |
| 4. ਸਭਿਆ ਸਮਾਜ:- ਓਹ ਸਮਾਜ ਹੀ ਸਭਿਆ ਕਹਿਲਾਓਣ ਦਾ ਹੱਕਦਾਰ ਹੈ, ਜਿਸ ਵਿੱਚ ਔਰਤ ਦਾ ਸਤਿਕਾਰ ਹੋਵੇ। ਇਸਤਰੀ ਦੀ ਖੁਸ਼ੀ ਨਾਲ ਹੀ ਘਰ ਤੇ ਸਮਾਜ ਦੀ ਖੁਸ਼ੀ ਜੁੜੀ ਹੋਈ ਹੈ। ਉਸਦੀ ਉਨਤੀ ਤੇ ਗਿਰਾਵਟ ਤੇ ਹੀ ਰਾਸ਼ਟਰ ਦੀ ਉਨਤੀ ਤੇ ਗਿਰਾਵਟ ਨਿਰਭਰ | | 2 | |

| | | | |
|---|---|---|---|
| ਕਰਦੀ ਹੈ।<br><br>5. ਸਾਰੰਸ਼ :- ਅੱਜ ਭਾਵੇ ਹਰ ਖੇਤਰ ਵਿੱਚ ਔਰਤ ਨੇ ਮੱਲਾਂ ਮਾਰੀਆਂ ਹਨ ਪਰ ਉਸਨੂੰ ਅਜੇ ਵੀ ਨਿਰੰਤਰ ਵਿਕਾਸ ਦੀ ਜ਼ਰੂਰਤ ਹੈ...... ਇਸਤਰੀ ਦੀ ਮਾਣ ਮਰਿਯਾਦਾ ਕਿਸੇ ਵੀ ਹਾਲ ਵਿੱਚ ਖਤਮ ਨਹੀਂ ਹੋਣੀ ਚਾਹੀਦੀ। ਇਸ ਵਿੱਚ ਹੀ ਉਸਦਾ ਮਾਣ ਬਣਿਆ ਰਹੇਗਾ । | | 2 | |
| | 10 | 10 | |
| ਪ੍ਰਸ਼ਨ10 ਲਾਉਡ ਸਪੀਕਰਾਂ ਦੀ ਦੁਰਵਰਤੋਂ ਬਾਰੇ ਸੰਪਾਦਕ ਨੂੰ ਪਤੱਰ<br><br>ਪ੍ਰੀਖਿਆ ਭਵਨ,<br>..........ਕੇਂਦਰ,<br>........ ਸ਼ਹਿਰ,<br>ਮਿਤੀ।<br><br>2. ਪਾਣੀ ਦੀ ਕਮੀ ਨੂੰ ਪੂਰਾ ਕਰਨ ਲਈ ਜਲ ਅਧਿਕਾਰੀ ਨੂੰ ਪਤੱਰ<br>ਸੇਵਾ ਵਿਖੇ<br>ਚੇਅਰਮੈਨ ਸਾਹਿਬ,<br>ਦਿੱਲੀ ਜਲ ਬੋਰਡ ਯੋਜਨਾ,<br>.............. ਦਿੱਲੀ। | 8 | ਆਰੰਭ<br><br>2 | |
| ਵਿਸ਼ਾ:- ਪਾਣੀ ਦੀ ਘਾਟ ਨੂੰ ਪੂਰਾ ਕਰਨ ਲਈ<br>ਜਾਂ<br>ਲਾਉਡ ਸਪੀਕਰਾਂ ਦੀ ਦੁਰਵਰਤੋਂ ਬਾਰੇ ਸੰਪਾਦਕ ਨੂੰ | | 1<br><br>4 | ਵਿਸ਼ਾ ਸਮਗਰੀ ਨੂੰ ਆਧਾਰ ਮੰਨ ਕੇ ਬੱਚਿਆ ਦੇ ਵਿਚਾਰਾਂ ਨੂੰ ਸਮਝਦੇ ਹੋਏ ਬਣ ਦੇ ਅੰਕ ਦਿਤੇ ਜਾਣ। |

| | | | |
|---|---|---|---|
| ਵਿਸ਼ਾ ਸਮੱਗਰੀ/ਵਿਸ਼ੇ ਦਾ ਵਿਸਥਾਰ ।<br>________________<br>________________<br>________________<br>ਆਪ ਦਾ ਸ਼ੁਭਚਿੰਤਕ/ਹਿਤੂ<br>ਵਿਸ਼ਵਾਸ਼ਪਾਤਰ<br>ੳ, ਅ, ੲ | | 1 | |
| | 8 | 8 | |
| ਪ੍ਰਸ਼ਨ11. ਕਾਰ ਖਰੀਦਣ ਦੇ ਚਾਹਵਾਨ ਸੰਪਰਕ ਕਰਨ | 7 | | |
| ਇਸਤਿਹਾਰ ਲਈ ਬਣਿਆ ਬਾਕਸ ਜਾਂ ਹਦਬੰਦੀ | | 1 | |
| ਸਿਰਲੇਖ /ਦਿਲਚਸਪ ਵਿਸ਼ਾ ਸਮੱਗਰੀ | | 1 | |
| ਆਪਣੀ ਕਾਰ, ਆਪਣੀ ਸ਼ਾਨ।<br>ਨਾਮ, ਫੋਨ ਨੰਬਰ/ ਪਤਾ | | 4 | |
| ੳ, ਅ, ੲ | | 1 | |
| | 7 | 7 | |
| 2. ਹੇਠਾਂ ਦਿਤੀ ਤਸਵੀਰ ਨੂੰ ਪਛਾਣ ਅਤੇ 50-60 ਸ਼ਬਦਾਂ ਦਾ ਨੋਟ ਲਿਖੋ<br><br>ਪ੍ਰਸ਼ਨ12. ਪਾਠ ਪੁਸਤਕਾਂ ਤੇ ਆਧਾਰਿਤ ਪ੍ਰਸ਼ਨ<br>ਇੱਕ ਵਾਕ ਵਿੱਚ ਉੱਤਰ ਲਿਖੋ।<br>1. ਰਜਨੀ ਨੂੰ ਪੋਲੀਓ ਦੀ ਬਿਮਾਰੀ ਸੀ।<br>2. ਨਹੀਂ, ਓਹ ਇਮਤਿਹਾਨਾਂ ਵਿਚੋਂ ਪਹਿਲੇ ਨੰਬਰ ਤੇ ਆਈ ਸੀ। | 4 | 1<br>1 | ਤਸਵੀਰ ਨੂੰ ਦੇਖ ਕੇ ਵਿਦਿਆਰਥੀ ਆਪਣੀ ਸਮਝ ਦੇ ਅਨੁਸਾਰ ਲਿਖੇਗਾ। ਵਿਸ਼ੇ ਨਾਲ ਸੰਬੰਧਤ ਹੋਣ ਤੇ ਵਿਦਿਆਰਥੀ ਨੂੰ ਬਣ ਦੇ ਅੰਕ ਦਿਤੇ ਜਾਣ । |

| | | | |
|---|---|---|---|
| 3. ਚਾਹ ਵਿੱਚ ਖੇਏਨੀਨ ਤੱਤ ਮੋਜੂਦ ਹੁੰਦਾ ਹੈ। | | 1 | |
| 4. ਹਉਮੇ ਨੂੰ ਵੱਸ ਵਿੱਚ ਰੱਖਣਾ। | | 1 | |
| | 4 | 4 | |
| ਪ੍ਰਸ਼ਨ13.ਹੇਠਾਂ ਲਿਖੇ ਪ੍ਰਸ਼ਨਾਂ ਦੇ ਉੱਤਰ 30-40 ਸ਼ਬਦਾਂ ਵਿੱਚ ਦਿਓ :- | 12 | | |
| 1. ਸਕੂਲ ਦੇ ਸਲਾਨਾ ਸਮਾਗਮ ਵਿੱਚ ਰਜਨੀ ਨੂੰ ਸਨਮਾਨਿਤ ਕੀਤਾ ਗਿਆ ਸੀ ਕਿਉਂਕਿ ਉਸਨੇ ਬੜੀ ਹੀ ਬਹਾਦਰੀ ਨਾਲ ਕਲਾਸ ਵਿੱਚ ਆਏ ਹੋਏ ਸੱਪ ਨੂੰ ਫੜ ਲਿਆ ਸੀ। | | 2 | |
| 2. ਇਹ ਸਿਖਿਆ ਮਿਲਦੀ ਹੈ ਕਿ ਕਿਸੇ ਵਸਤੂ ਦੀ ਲੋੜ ਤੋਂ ਵੱਧ ਵਰਤੋਂ ਸਿਹਤ ਲਈ ਬਹੁਤ ਹਾਨੀਕਾਰਕ ਹੁੰਦੀ ਹੈ.... ਇਸ ਤੋਂ ਇਲਾਵਾ ਇਹ ਕਿ ਬੱਚਿਆਂ ਨੂੰ ਮਾਪਿਆਂ ਦਾ ਕਹਿਣ ਮੰਨਣਾ ਚਾਹੀਦਾ ਹੈ। | | 2 | |
| 3. ਪਾਣੀ ਦੀ ਘਾਟ ਹੋਣ ਕਾਰਣ ਪਾਣੀ ਦੀ ਸਪਲਾਈ ਦਿਨ ਵਿੱਚ ਇੱਕ ਵਾਰ ਹੀ ਆਉਂਦੀ ਸੀ, ਲੋਕੀ ਟੈਂਕੀਆ ਰਾਹੀਂ ਪਾਣੀ ਉਪਰ ਫਲੇਟਾਂ ਤੱਕ ਚੜਾਉਂਦੇ ਸਨ। | | 2 | |
| 4. ਗੁਰੂ ਮਹਿਲ ਤੋਂ ਗੁਰੂ ਨਾਲ ਸੰਬੰਧਿਤ ਗੁਰੂ ਪਤਨੀਆਂ ਤੇ ਪੂਰੀ ਇਸਤ੍ਰੀ ਜਾਤੀ ਨੂੰ ਮਾਣ ਹੈ। | | 2 | |
| 5. ਮਿਲਖਾ ਸਿੰਘ ਅੱਠ ਭੈਣ-ਭਰਾ ਸਨ। ਮਾਤਾ ਪਿਤਾ ਦਾ ਸਾਇਆ ਬਚਪਨ ਵਿੱਚ ਉੱਠ ਜਾਣ ਕਾਰਨ | | 2 | |

| | | | |
|---|---|---|---|
| ਇਨਾਂ ਦਾ ਪਾਲਣ – ਪੋਸ਼ਣ ਇਨਾਂ ਦੀ ਵੱਡੀ ਭੈਣ ਨੇ ਕੀਤਾ ਸੀ। | | | |
| 6. ਡਾਕਟਰ ਕਲਾਮ ਤਿਆਗ ਦੀ ਮੂਰਤ ਸਨ। ਉਹਨਾਂ ਨੇ ਵਿਆਹ ਨਾ ਕਰਵਾਕੇ ਸਾਰੀ ਜ਼ਿੰਦਗੀ ਦੇਸ਼ ਦੇ ਲੇਖੇ ਲਾਈ, ਉਹਨਾਂ ਦੀ ਰਹਿਣੀ ਬਹਿਣੀ ਸਾਦੀ ਸੀ, ਉਨਾਂ ਨੂੰ ਗਰੀਬਾਂ ਦਾ ਮਸੀਹਾ ਕਿਹਾ ਜਾਂਦਾ ਸੀ .....ਆਦਿ। | | 2 | |
| | 12 | 12 | |
| ਪ੍ਰਸ਼ਨ 14. ਵੱਡੇ ਉੱਤਰਾਂ ਵਾਲੇ ਪ੍ਰਸ਼ਨ | 5 | | |
| 1. ਇਹ ਇਕਾਂਗੀ ਈਸ਼ਵਰ ਚੰਦਰ ਨੰਦਾ ਦੀ ਲਿਖੀ ਹੋਈ ਹੈ। ਇਸ ਵਿੱਚ ਇੱਕ ਪਾਸੇ ਦਾਨ ਪੁੰਨ ਨਾਲ ਜੁੜੇ ਵਹਿਮਾਂ – ਭਰਮਾਂ ਰਾਹੀਂ ਸਬਰਥ ਪੂਰਾ ਕਰਨ ਵਾਲੇ ਲੋਕਾਂ ਦੀ ਪੋਲ ਖੋਲੀ ਗਈ ਹੈ...... । ਦੂਜੇ ਪਾਸੇ ਸ਼ਰਾਬ ਅਤੇ ਜੂਏ ਬਾਜੀ ਵਰਗੀਆਂ ਸਮਾਜਿਕ ਬੁਰਾਈਆਂ ਤੇ ਰੋਸ਼ਨੀ ਪਾਈ ਜਾਂਦੀ ਹੈ। | | | ਵਿਦਿਆਰਥੀ ਆਪਣੀ ਸਮਝ ਅਤੇ ਸੂਝ ਅਨੁਸਾਰ ਸਮਾਜ ਵਿਚਲੀਆਂ ਸਥਿਤੀਆਂ ਨੂੰ ਸੁਚਜੀਆਂ ਕਦਰਾਂ ਕੀਮਤਾਂ ਦੇ ਆਧਾਰ ਤੇ ਉੱਤਰ ਦੇਵੇਗਾ । |
| 2. ਇਸ ਗਜ਼ਲ ਵਿੱਚ ਪੱਛਮੀ ਪ੍ਰਭਾਵ ਕਾਰਣ ਸਾਡੇ ਜੀਵਨ ਤੇ ਸਭਿਆਚਾਰ ਵਿੱਚ ਆਈ ਤਬਦੀਲੀ ਨੂੰ ਪਰਗਟਾਇਆ ਗਿਆ ਹੈ । ਇਸ ਕਾਰਨ ਸਾਡਾ ਰਹਿਣ ਸਹਿਣ, ਖਾਣ ਪੀਣ ਅਤੇ ਪਹਿਰਾਵਾਂ ਬਦਲ ਗਿਆ ਹੈ ....... ਪੱਛਮੀ ਸਭਿਆਚਾਰ ਦੀ ਨਕਲ ਕਾਰਨ ਅਸੀਂ ਆਪਣੇ ਵਿਰਸੇ ਤੋਂ ਦੂਰ ਹੋ ਗਏ ਹਾਂ ਅਤੇ ਆਧੁਨਿਕ ਉਪਕਰਨਾਂ ਦੇ ਮੁਥਾਜ ਹੋ ਗਏ ਹਨ । | 5 | 5 | |

| | | | |
|---|---|---|---|
| ਪ੍ਰਸ਼ਨ15. ਕਦਰਾਂ ਕੀਮਤਾਂ ਤੇ ਆਧਾਰਤ ਪ੍ਰਸ਼ਨ<br>ਧਰਮ ਤੋਂ ਭਾਵ ਅਸੀਂ ਚੰਗੀਆਂ ਕਦਰਾਂ ਕੀਮਤਾਂ ਤੋਂ ਲੈਂਦੇ ਹਾਂ । ਪਰ ਵੱਖ ਵੱਖ ਵਿਦਵਾਨਾਂ ਤੇ ਧਰਮ ਸਾਸ਼ਤਰੀਆ ਅਨੁਸਾਰ ਧਰਮ ਦੇ ਅਰਥ ਵੱਖ ਵੱਖ ਹਨ ਅੱਜ ਕ ਕੱਟੜਤਾ ਕਾਰਨ ਲੋਕ ਅਨੇਕਾਂ ਧਰਮਾਂ ਦੇ ਲੋਕ ਆਪਣੇ ਧਰਮ ਨੂੰ ਸ੍ਰੇਸ਼ਟ ਮੰਨਦੇ ਹਨ .... ਪਰ ਸਭ ਜਾਣਦੇ ਹਨ ਕਿ ਇਨਸਾਨੀਅਤ ਸਭ ਤੋਂ ਮਹਾਨ ਧਰਮ ਹੈ......ਸੰਸਾਰ ਵਿੱਚ ਸਾਰੇ ਰਿਸ਼ਤੇ ਤੇ ਧਰਮ ਮੁੱਕ ਸਕਦੇ ਹਨ ਪਰ ਇਨਸਾਨੀਅਤ ਦੇ ਬੀਜ ਦਾ ਕਦੀ ਨਾਸ਼ ਨਹੀਂ ਹੋ ਸਕਦਾ । | 4 | 4 | |
| | 4 | 4 | |

******